Weekly

# CANADA SIKH TIMES

17 - 23 August 2024

ਕੈਨੇਡਾ ਸਿੱਖ ਟਾਈਮਜ਼

Volume 2 Issue 33

• RELIGION • CULTURE • HERITAGE • BUSINESS

## ਪੰਜਾਬ ਦੀ ਧੀ ਪ੍ਰਿਅੰਕਾ ਦਾਸ ਨੇ ਅਫਰੀਕਾ ਦੀ ਸਭ ਤੋਂ ਉੱਚੀ ਚੋਟੀ 'ਤੇ ਲਹਿਰਾਇਆ ਤਿਰੰਗਾ



ਪੰਜਾਬ ਦੀ ਧੀ ਪ੍ਰਿਅੰਕਾ ਦਾਸ ਨੇ ਅਫ਼ਰੀਕਾ ਦੀ ਸਭ ਤੋਂ ਉਚੀ ਚੋਟੀ 'ਤੇ ਭਾਰਤੀ ਤਿਰੰਗਾ ਲਹਿਰਾ ਦਿੱਤਾ ਹੈ। ਪ੍ਰਿਅੰਕਾ ਦਾਸ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਨਾਨਕੇ ਪਿੰਡ ਮੋਰਾਂਵਾਲੀ ਦੀ ਰਹਿਣ ਵਾਲੀ ਹੈ। ਲੰਘੇ ਦਿਨੀਂ ਪ੍ਰਿਅੰਕਾ ਦਾਸ ਨੂੰ ਸ਼ਹੀਦ ਭਗਤ ਸਿੰਘ ਫੁੱਟਬਾਲ ਕਲੱਬ ਗੜ੍ਹਸ਼ੰਕਰ ਅਤੇ ਐਕਸ ਸਰਵਿਸਮੈਨ ਸੋਸ਼ਲ ਵੈਲਫੇਅਰ ਟਰੱਸਟ ਗੜ੍ਹਸ਼ੰਕਰ ਵਲੋਂ ਵਿੱਤੀ ਮਦਦ ਅਤੇ ਸ਼ੁਭਕਾਮਨਾਵਾਂ ਦੇ ਕੇ ਅਫ਼ਰੀਕਾ ਲਈ ਰਵਾਨਾ ਕੀਤਾ ਗਿਆ ਸੀ। ਅਫਰੀਕਾ ਪਹੁੰਚੀ ਪ੍ਰਿਅੰਕਾ ਦਾਸ ਨੇ ਕੁਝ ਸਮੇਂ ਵਿਚ ਹੀ ਅਫਰੀਕਾ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਕਿਲੀਮਨਜ਼ਾਰੋ ਨੂੰ ਸਰ ਕਰਦਿਆਂ ਚੋਟੀ 'ਤੇ ਪਹੁੰਚ ਕੇ ਜਿਥੇ ਭਾਰਤ ਦਾ ਤਿਰੰਗਾ ਲਹਿਰਾਇਆ ਉਥੇ ਹੀ ਉਸ ਨੇ ਸ਼ਹੀਦ ਭਗਤ ਸਿੰਘ ਫੁੱਟਬਾਲ ਕਲੱਬ ਗੜ੍ਹਸ਼ੰਕਰ ਦਾ ਬੈਨਰ ਵੀ ਸਾਂਝਾ ਕੀਤਾ ਹੈ। ਪ੍ਰਿਅੰਕਾ ਦਾਸ ਦੀ ਇਸ ਪ੍ਰਾਪਤੀ ਨੂੰ ਲੈ ਕੇ ਗੜ੍ਹਸ਼ੰਕਰ ਇਲਾਕੇ ਦੇ ਖੇਡ ਪ੍ਰੇਮੀਆਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

## B.C. appoints Dr. Jatinder Singh as New Chief Coroner



Dr. Jatinder Singh Baidwan, who has been with the BC Coroners Service for the last seven years as chief medical officer, was appointed to the new role Thursday (Aug. 8), the Public Safety Minister announced in a news release. In his work with the BC Coroners Service, Singh helped lead work to "realign operations" of the coroner's service, creating "a comprehensive postmortem diagnostic services network throughout the province." Singh was also the organizational lead for the investigations of the death and recommendations from the report on the 2021 heat dome, as well as the COVID-19 pandemic and its increased death toll. Singh is a fellow of the Royal College of General Practitioners in the United Kingdom and is accredited by the Canadian College of Family Physicians.

## ਭਾਰਤੀ ਹਾਕੀ ਟੀਮ ਸ੍ਰੀ ਦਰਬਾਰ ਸਾਹਿਬ ਵਿਖੇ ਹੋਈ ਨਤਮਸਤਕ



ਪੈਰਿਸ ਓਲੰਪਿਕ 2024 ਵਿੱਚ ਕਾਂਸੇ ਦਾ ਤਗ਼ਮਾ ਜਿੱਤ ਕੇ ਦੇਸ਼ ਵਾਪਸ ਪਰਤੀ ਭਾਰਤੀ ਹਾਕੀ ਟੀਮ ਦੇ ਖਿਡਾਰੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਨਤਮਸਤਕ ਹੋਣ ਪੁੱਜੇ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਾਕੀ ਖਿਡਾਰੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਸੁਨਿਹਰੀ ਮਾਡਲ, ਧਾਰਮਿਕ ਪੁਸਤਕਾਂ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਸਾਡੇ ਲਈ ਇਹ ਮਾਣ ਤੇ ਫ਼ਖਰ ਵਾਲੀ ਗੱਲ ਹੈ ਕਿ ਜਦੋਂ ਵੀ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਭਰਵੀਂ ਸ਼ਮੂਲੀਅਤ ਰਹੀ ਹੈ ਤਾਂ ਟੀਮ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਪੈਰਿਸ ਓਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜਿੱਤਣਾ ਵੀ ਉਨ੍ਹਾਂ ਵਿੱਚੋਂ ਇੱਕ ਹੈ। ਉਨ੍ਹਾਂ ਹਾਕੀ ਖਿਡਾਰੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦਿਆਂ ਭਵਿੱਖ ਵਿੱਚ ਉਹਨਾਂ ਦੀਆਂ ਹੋਰ ਵੱਡੀਆਂ ਪ੍ਰਾਪਤੀਆਂ ਲਈ ਅਰਦਾਸ ਵੀ ਕੀਤੀ। ਉਨ੍ਹਾਂ ਕਿਹਾ ਕਿ ਟੀਮ ਵਿੱਚ ਸ਼ਾਮਲ ਪੰਜਾਬ ਦੇ ਖਿਡਾਰੀਆਂ ਨੇ ਲੰਮੇ ਅਰਸੇ ਤੋਂ ਬਾਅਦ ਪੰਜਾਬ ਦੇ ਹਾਕੀ ਨਾਲ ਸਬੰਧਤ ਇਤਿਹਾਸ ਨੂੰ ਦੁਹਰਾਇਆ ਹੈ ਜਿਸਤੋਂ ਅਜੋਕੇ ਨੌਜੁਆਨਾਂ ਨੂੰ ਪ੍ਰੇਰਣਾ ਲੈ ਕੇ ਹਰੇਕ ਖੇਡ ਵਿੱਚ ਅੱਗੇ ਆਉਣਾ ਚਾਹੀਦਾ ਹੈ।

DESH VIDESH

# Wanjaras and Sikhi

- Amanjot Singh*



Wanjaras started becoming Sikhs from Guru Nanak Sahib. Gursikh Wanjara Bhai Ballu Rao Pawar fought war in the army of Guru Hargobind Sahib and attained Shaheedi. Bhai Ballu Rao Pawar was grand father of Gursikh Wanjara Bhai Mani Singh ji. Bhai Mani Singh ji, his brothers, sons, nephews, lady membrs of his family /khandan including her wife Sardarni Basant Kaur ji, total more than 52 attained Shaheedi in different Wars and many were tortured by Mughal rulers.

The Wanjaras were very brave and fearless. Gursikh Wanjara Bhai Lakhi Shah ji was father in law of Bhai Mani Singh ji. Sons of Bhai Lakhi Shah Wanjara ji were important part of Baba Banda Singh Bahadar army and attained Shaheedi while fighting with Mughal rulers . Bhai Bhagwant Singh Bangeshwari was cousin of Bhai Lakhi Shah Wanjara. Baba Banda Singh Bahadar ji with the help of Bhai Bhagwant Singh Bangeshwari moved from Nanded to Punjab. Wanjaras had strong association and connection with Sikh religion.

There are crores Wanjaras live in all over India specially in small cities and villages. Their areas are known as Tandas. We all have to do some efforts for this community, specialy request to SGPC, DSGMC & HSGMC. Our unpardonable mistake, our carelessness & negligence of not doing Dharam Parchar in Wanjaras has created a wide gap between Sikh Quam/ Panth and Wanjaras.

They are even now interested to embrace Sikh religion. In many Gurdwaras Granthi Singh, Ragi Jathas and Sewadars are in Wanjare Sikhs. But we have no interest to join hands with Wanjaras. Our so called Jathedars/ Sikh Leaders/ Gurdwara Committees are busy to build big buildings of Gurdwaras.

There is big need to do Dharam Parchar in Wanjaras as they still have great Shradha in Sikh religion, specially have strong emotional bonding & devotion with Guru Nanak Sahib. To do Dharam Parchar we should have to organise Gurmat Classes in Villages of Wanjara Sikhs, Sikligar Sikhs, Rai, Bijnauri and Ravidasi Sikhs.

* GTB Khalsa College, Delhi University, Mob. 9416276357

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

- ਮਮਤਾ ਕੌਰ, ਹਜ਼ਾਰੀਬਾਗ ਝਾਰਖੰਡ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪਹਿਲੀ ਅਪ੍ਰੈਲ ਸੰਨ 1621 ਨੂੰ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਨਾਨਕੀ ਜੀ ਸੀ। ਆਪ ਨੌ ਸਾਲ ਦੀ ਉਮਰ ਤੱਕ ਆਪਣੇ ਪਿਤਾ ਜੀ ਨਾਲ ਅੰਮ੍ਰਿਤਸਰ ਵਿਖੇ ਰਹੇ। ਮੁੱਢ ਤੋਂ ਹੀ ਆਪ ਸੰਤ ਸਰੂਪ, ਡੂੰਘੇ ਵਿਚਾਰਵਾਨ, ਦਲੇਰ, ਨਿਰਭੈ ਤੇ ਤਿਆਗੀ ਸੁਭਾਅ ਦੇ ਮਾਲਕ ਸਨ। ਆਪ ਦੀ ਪੜਾਈ, ਸਿਖਲਾਈ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਹੇਠ ਹੋਈ। ਆਪ ਨੂੰ ਗੁਰਮਤਿ ਦੀ ਵਿਦਿਆ ਦੇ ਨਾਲ ਸ਼ਸਤਰਾਂ ਦੀ ਵਰਤੋਂ ਅਤੇ ਘੋੜ ਸਵਾਰੀ ਆਦਿ ਦੀ ਸਿਖਲਾਈ ਵੀ ਦਿੱਤੀ ਗਈ।

ਜਦੋਂ ਗੁਰੂ ਹਰਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਕਰਤਾਰਪੁਰ ਆਏ ਹੈ ਤਾਂ ਆਪ ਪਿਤਾ ਗੁਰੂ ਜੀ ਦੇ ਨਾਲ ਸਨ। ਸੰਨ 1634 ਵਿੱਚ ਆਪ ਦਾ ਵਿਆਹ ਕਰਤਾਰਪੁਰ (ਜਲੰਧਰ) ਨਿਵਾਸੀ ਸ੍ਰੀ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਨਾਲ ਗੁਜਰੀ ਜੀ ਨਾਲ ਹੋਇਆ। ਇਸੇ ਸਾਲ ਜਦੋਂ ਕਰਤਾਰਪੁਰ ਸਾਹਿਬ ਵਿਖੇ ਚੌਥੀ ਜੰਗ ਹੋਈ ਤਾ ਆਪ ਨੇ ਆਪਣੀ ਤੇਗ ਤੇ ਜੋਹਰ ਵਿਖਾਏ। ਇਸ ਜੰਗ ਤੋਂ ਪਿਛੋ ਗੁਰੂ ਹਰਗੋਬਿੰਦ ਸਾਹਿਬ ਕਰਤਾਰਪੁਰ ਚਲੇ ਗਏ ਤੇ ਆਪ ਪਿਤਾ ਗੁਰੂ ਦੀ ਆਗਿਆ ਅਨੁਸਾਰ ਆਪਣੀ ਮਾਤਾ ਤੇ ਪਤਨੀ ਸਮੇਤ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ।

ਬਕਾਲੇ ਆ ਕੇ (ਗੁਰੂ) ਤੇਗ ਬਹਾਦਰ ਜੀ ਅਡੋਲ ਚਿੱਤ ਰਹਿ ਕੇ ਪਰਮਾਤਮਾ ਦਾ ਸਿਮਰਨ ਕਰਨ ਲੱਗੇ। ਆਪ ਦਾ ਘਰੋਗੀ ਜੀਵਨ ਬੜਾ ਸਾਦਾ ਤੇ ਸੁਖ ਭਰਪੂਰ ਸੀ।ਆਪ ਬਕਾਲੇ ਵਿਖੇ ਗ੍ਰਿਹਸਤੀ ਜੀਵਨ ਦੇ ਸਾਰੇ ਫਰਜ਼ ਪੂਰੇ ਕਰਦੇ ਹੋਏ ਆਉਣ ਵਾਲੇ ਸਮੇਂ ਤੇ ਤਿਆਰੀ ਕਰ ਰਹੇ ਸਨ।

30 ਮਾਰਚ, ਸੰਨ 1664 ਨੂੰ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਖੇ ਜੋਤੀ ਜੋਤ ਸਮਾਏ ਤੇ ਉਹਨਾਂ ਹਦਾਇਤ ਕੀਤੀ ਕਿ ਬਾਬਾ ਬਸੇ ਗ੍ਰਾਮ ਬਕਾਲੇ ਭਾਵ ਗੁਰਗੱਦੀ ਦਾ ਮਾਲਕ ਬਕਾਲੇ ਵਿੱਚ ਹੈ।

ਇਸ ਗੱਲ ਦਾ ਨਜਾਇਜ਼ ਫਾਇਦਾ ਉਠਾ ਕੇ ਪਖੰਡੀ ਗੁਰੂ, ਗੱਦੀ ਦੇ ਦਾਹਵੇਦਾਰ ਬਣ, ਬਕਾਲੇ ਆ ਇਕੱਠੇ ਹੋਏ। ਧੀਰ ਮੱਲ ਸਭ ਤੋਂ ਅੱਗੇ ਸੀ। ਇਹਨਾਂ ਪਖੰਡੀ ਗੁਰੂਆਂ ਨੇ ਆਪਣੀਆਂ ਦੁਕਾਨਾਂ ਚਮਕਾਉਣੀਆਂ ਸ਼ੁਰੂ ਕੀਤੀਆਂ। ਭੋਲੇ ਲੋਕ ਟਪਲਾ ਵੀ ਖਾਣ ਲੱਗੇ। ਅਖੀਰ ਗੁਰੂ ਸਾਹਿਬ ਦਾ ਸ਼ਰਧਾਲੂ ਸਿੱਖ 'ਮੱਖਣ ਸਾਹ ਲੁਬਾਣਾ' ਟਾਂਡਾ ਜ਼ਿਲ੍ਹਾ ਜਿਹਲਮ ਦਾ ਵਸਨੀਕ ਬਕਾਲੇ ਆਇਆ। ਉਹ ਆਪਣੇ ਨਾਲ ਦਸਵੰਧ ਦੀ ਰਕਮ 500 ਮੋਹਰਾਂ ਲੈ ਕੇ ਆਇਆ ਸੀ। ਅੱਗੇ ਕਈ ਪਖੰਡੀ ਗੁਰੂ ਬਣੇ ਵੇਖੇ। ਫਿਰ ਗੁਰੂ ਤੇਗ ਬਹਾਦਰ ਸਾਹਿਬ ਦੇ ਨਿਵਾਸ ਅਸਥਾਨ ਤੇ ਗਿਆ। ਅੰਤਰਯਾਮੀ ਸੱਚੇ ਗੁਰੂ ਨੇ ਪੂਰਾ ਦਸਵੰਧ 500 ਮੋਹਰਾਂ ਦੇਣ ਦਾ ਚੇਤਾ ਕਰਵਾਇਆ।ਇਸ ਤਰ੍ਹਾਂ ਮੱਖਣ ਸ਼ਾਹ ਨੇ ਸੱਚੇ ਗੁਰੂ ਜੀ ਨੂੰ ਲੱਭ ਲਿਆ ਤੇ ਕੋਠੇ ਤੇ ਚੜ੍ਹ ਕੇ ਹੋਕਾ ਦੇ ਦਿੱਤਾ, "ਗੁਰੂ ਲਾਧੋ ਰੇ! ਗੁਰੂ ਲਾਧੋ ਰੇ"!

ਜਦੋਂ ਸੰਗਤਾਂ ਨੂੰ ਅਸਲੀਅਤ ਦਾ ਪਤਾ ਲੱਗਾ, ਤਾਂ ਸੰਗਤਾਂ ਪਖੰਡੀਆਂ ਨੂੰ ਛੱਡ ਕੇ ਸੱਚੇ ਗੁਰੂ ਦੀ ਸ਼ਰਨ ਆ ਗਈਆਂ। ਬਾਬਾ ਧੀਰ ਮੱਲ ਇਹ ਗੱਲ ਸਹਾਰ ਨਾ ਸਕਿਆ। ਉਸਨੇ ਸ਼ੀਹੇਂ ਮਸੰਦ ਨੂੰ ਲਾਲਚ ਦੇ ਕੇ, ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਗੋਲੀ ਚਲਵਾਈ, ਪਰ ਗੁਰੂ ਜੀ ਵਾਲ-ਵਾਲ ਬਚ ਗਏ। ਸੰਨ 1665 ਵਿੱਚ ਭਾਈ ਮੱਖਣ ਸ਼ਾਹ ਨੂੰ ਨਾਲ ਲੈ ਕੇ ਆਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨਾਂ ਲਈ ਗਏ। **(ਬਾਕੀ ਅਗਲੀ ਵਾਰੀ)**

# HERITAGE

## ਇਟਲੀ ’ਚ ਸਿੱਖ ਫੌਜੀਆਂ ਨੂੰ ਦਿੱਤੀ ਗਈ ਸ਼ਰਧਾਂਜਲੀ



ਇਟਲੀ ਦੇ ਫੀਰੈਂਸੇ ਸ਼ਹਿਰ ਵਿਖੇ ਸਿੱਖ ਫੌਜੀਆਂ ਦਾ 80ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਜਿਸ ਵਿਚ ਵਰਲਡ ਸਿਖ ਸ਼ਹੀਦ ਮਿਲਟਰੀ ਯਾਦਗਾਰ ਕਮੇਟੀ (ਰਜਿ) ਇਟਲੀ ਦੁਆਰਾ ਫੀਰੈਂਸੇ ਦੇ ਕਮੂਨੇ ਅਤੇ ਇਟਲੀ ਵੱਸਦੀ ਸੰਗਤ ਨਾਲ ਮਿਲਕੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਫੀਰੈਂਸੇ ਤੋਸਕਾਨਾ ਸ਼ਹਿਰ ਨੂੰ ਸਿਖ ਫੌਜੀਆਂ ਨੇ ਹਿਟਲਰ ਦੀ ਫੌਜ ਤੋਂ ਆਜਾਦ ਕਰਵਾ ਕੇ 1944 ਵਿਚ ਇਟਲੀ ਨੂੰ ਸੌਂਪਿਆ ਸੀ। ਵਰਲਡ ਸਿਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ:) ਇਟਲੀ ਵਲੋਂ ਫੀਰੈਂਸੇ ਸ਼ਹਿਰ ਵਿਚ ਸਿੱਖ ਫੌਜੀ ਜੋ ਆਪਣੀਆਂ ਜਾਨਾਂ ਕੁਰਬਾਨ ਕਰਕੇ ਸ਼ਹੀਦੀਆਂ ਪ੍ਰਾਪਤ ਕਰ ਗਏ ਸਨ, ਉਨ੍ਹਾਂ ਦੇ 80ਵੇਂ ਸ਼ਹੀਦੀ ਦਿਵਸ ’ਤੇ ਇਹ ਸਮਾਗਮ ਕਰਵਾਇਆ ਗਿਆ।

## ਬੀ.ਸੀ. ਸਰਕਾਰ ਵਲੋਂ ਰਾਬੀਆ ਕੌਰ ਧਾਲੀਵਾਲ ਨੂੰ ਮਿਲਿਆ ‘2024 ਗੁੱਡ ਸਿਟੀਜ਼ਨਸ਼ਿਪ’ ਅਵਾਰਡ



ਸਰੀ ਦੀਆਂ ਦੋ ਔਰਤਾਂ ਰਾਬੀਆ ਕੌਰ ਧਾਲੀਵਾਲ ਅਤੇ ਮਾਰਗਰੇਟ ਮੁਬਾਂਡਾ ਸਮੇਤ 18 ਬ੍ਰਿਟਿਸ਼ ਕੋਲੰਬੀਅਨਾਂ ਨੂੰ ਉਹਨਾਂ ਦੇ ਭਾਈਚਾਰੇ ਵਿੱਚ ”ਅਹਿਮ ਯੋਗਦਾਨ” ਦੇਣ ਲਈ ਸੂਬਾਈ ਸਰਕਾਰ ਤੋਂ ‘ਗੁੱਡ ਸਿਟੀਜ਼ਨਸ਼ਿਪ’ ਦਾ 2024 ਮੈਡਲ ਦਿੱਤਾ ਗਿਆ ਹੈ। ਰਾਬੀਆ ਧਾਲੀਵਾਲ ਨੂੰ ਇਹ ਅਵਾਰਡ “ਕਮਿਊਨਿਟੀ ਸਸ਼ਕਤੀਕਰਨ ਅਤੇ ਮਾਨਸਿਕ-ਸਿਹਤ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ” ਦਿੱਤਾ ਗਿਆ ਹੈ। ਸਰਕਾਰੀ ਬੁਲੇਟਿਨ ਵਿੱਚ ਕਿਹਾ ਗਿਆ ਹੈ ਕਿ ਰਾਬੀਆ ਧਾਲੀਵਾਲ ਨੇ ਯੂ.ਸੀ.ਬੀ. ਵਿਖੇ ਡਿਸਏਬਿਲਿਟੀਜ਼ ਯੂਨਾਈਟਿਡ ਕਲੈਕਟਿਵ ਦੀ ਅਗਵਾਈ ਕੀਤੀ, ਜਿਸ ਵਲੋਂ ਨਿਊਰੋਡਾਈਵਰਜੈਂਟ ਅਤੇ ਸਰੀਰਕ ਤੌਰ ’ਤੇ ਅਪਾਹਜ ਸਾਥੀਆਂ ਲਈ ਇੱਕ ਮਹੱਤਵਪੂਰਣ ਨੈਟਵਰਕ ਪ੍ਰਦਾਨ ਕਰਕੇ ਅਪਾਹਜ ਵਿਦਿਆਰਥੀਆਂ ਲਈ ਮਦਦ ਮੁਹੱਈਆ ਕਰਵਾਈ ਗਈ। ਰਾਬੀਆ ਧਾਲੀਵਾਲ ਵਲੋਂ ਕੀਤੇ ਗਏ ਇਸ ਤਰ੍ਹਾਂ ਦੇ ਕਈ ਸਲਾਘਾ ਯੋਗ ਕੰਮ ਕਰ ਰਹੀ ਹੈ। ਉਹ ਵਾਇਸਜ਼ ਫਾਰ ਹੋਪ ਫਾਊਂਡੇਸ਼ਨ ਦੀ ਡਾਇਰੈਕਟਰ ਵੀ ਹੈ। ਰਾਬੀਆ ਧਾਲੀਵਾਲ 1,000 ਤੋਂ ਵੱਧ ਸਵੈ-ਸੰਭਾਲ ਦੀਆਂ ਵਸਤੂਆਂ ਅਤੇ ਭੋਜਨ ਫਰੰਟਲਾਈਨ ਹੈਲਥਕੇਅਰ ਵਰਕਰਾਂ ਲਈ ਦਾਨ ਦੇਣ ਲਈ ਤਾਲਮੇਲ ਵੀ ਕਾਇਮ ਕੀਤਾ ਹੈ, ਜੋ ਕਿ ਸਥਾਨਕ ਬੀ ਸੀ ਅਤੇ ਸਵਦੇਸ਼ੀ-ਮਾਲਕੀਅਤ ਵਾਲੇ ਕਾਰੋਬਾਰੀਆਂ ਵਲੋਂ ਦਿੱਤਾ ਜਾ ਰਿਹਾ ਹੈ। ਉਹਨਾਂ ਨੇ ਕਿਹਾ ਬੀ.ਸੀ. ਸਰਕਾਰ ਵਲੋਂ ਮੈਨੂੰ ਇਸ ਮੈਡਲ ਲਈ ਚੁਣਨਾ ਬਹੁਤ ਮਾਣ ਵਾਲੀ ਗੱਲ ਹੈ। ਹੁਣ ਮੇਰੀ ਕਹਾਣੀ ਅਤੇ ਮੇਰੇ ਕੰਮ ਨੂੰ ਦੇਖਿਆ ਜਾ ਰਿਹਾ ਹੈ ਅਤੇ ਹੋਰ ਲੋਕਾਂ ਤੱਕ ਵੀ ਪਹੁੰਚ ਬਣਾਈ ਜਾਵੇਗੀ ਜਿਸ ਨਾਲ ਮੈਨੂੰ ਹੋਰ ਕੰਮ ਕਰਨ ਲਈ ਪ੍ਰੇਰਨਾ ਮਿਲੇਗੀ।

## BC United Unveils Historic Tax Cut for Middle-Class British Columbians



BC United, led by Kevin Falcon, has announced plans to implement the largest middle-class tax cut in British Columbia's history, aimed at alleviating the financial burden on residents across the province. The proposal includes eliminating provincial income tax on the first $50,000 earned by every British Columbian, a move that will result in the complete elimination of provincial income tax for 60 percent of the population.

Under the new plan, BC United will increase the Basic Personal Exemption from its current level of $11,980 to $50,000. This change is expected to put an additional $2,050 per year into the pockets of many British Columbians, providing significant relief for those struggling with the rising cost of living. The policy is particularly targeted at average earners, nearly eliminating their provincial income tax burden, with average incomes in the province standing at $54,450.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸਰਗ ਚਿੰਨ੍ਹ ਕਿਹੜੇ ਅੰਕ ਤੇ ਹਨ।**

a. 1365 b. 1380
c. 1361 d. 1363

**2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਆਸਾ ਕੀ ਵਾਰ ਬਾਣੀ ਦੇ ਅਨੁਸਾਰ ਮਨ ਦਾ ਸੂਤਕ ਕੀ ਹੈ?**

a. ਮੋਹ b. ਅਹੰਕਾਰ
c. ਪਿਆਰ d. ਲੋਭ

**3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਆਸਾ ਕੀ ਵਾਰ ਬਾਣੀ ਅਨੁਸਾਰ ਜੀਭ ਦਾ ਸੂਤਕ ਕੀ ਹੈ?**

a. ਖਾਣਾ ਪੀਣਾ b. ਕੂੜ ਜਾਂ ਝੂਠ ਬੋਲਣਾ
c. ਟਹਿਲ ਕਰਨੀ d. ਭਗਤੀ ਕਰਨੀ

**4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਆਸਾ ਕੀ ਵਾਰ ਬਾਣੀ ਅਨੁਸਾਰ ਕੰਨਾਂ ਦਾ ਸੂਤਕ ਕੀ ਹੈ?**

a. ਲਾਇਤਬਾਰੀ ਭਾਵ ਨਿੰਦਾ ਜਾਂ ਚੁਗਲੀ ਸੁਣਨਾ।
b. ਸ਼ਬਦ ਸੁਣਨਾ
c. ਵਡਿਆਈ ਜਾਂ ਸੇਵਾ ਕਰਨਾ
d. ਨਾਮ ਜਪਣਾ

(ਦੇਖੋ ਉੱਤਰ ਪੰਨਾ 4 ’ਤੇ)

# ਕੇਸਾਂ ਨੂੰ ਸੰਭਾਲ ਸਿੱਖਾ...

– ਸ. ਮਹਿੰਦਰ ਸਿੰਘ
(ਰਾਂਚੀ, ਝਾਰਖੰਡ)



ਕੇਸਾਂ ਨੂੰ ਸੰਭਾਲ ਸਿੱਖਾ, ਕੇਸਾਂ ਨੂੰ ਸੰਭਾਲ ਉਏ,
ਕੇਸਾਂ ਨੂੰ ਸੰਭਾਲ, ਬਣ ਗੁਰੂ ਦਾ ਲਾਲ ਉਏ।
ਕੇਸਾਂ ਨੂੰ ਸੰਭਾਲ ਸਿੱਖਾ......।

ਕੇਸਾਂ ਖਾਤਰ ਖੋਪਰੀ, ਤਾਰੂ ਸਿੰਘ ਸੀ ਲੁਹਾਈ ,
ਚਰਖੜੀਆਂ ਚੜ ਸਾਹਬਾਜ਼, ਸੁਬੇਗ ਭਰਦੇ ਨੇ ਗਵਾਈ,
ਬੰਦ ਬੰਦ ਕਟਾਵੇ ਮਨੀ ਸਿੰਘ, ਬੜੇ ਚਾਵਾਂ ਨਾਲ ਉਏ,
ਕੇਸਾਂ ਨੂੰ ਸੰਭਾਲ, ਬਣ ਗੁਰੂ ਦਾ ਲਾਲ ਉਏ,
ਕੇਸਾਂ ਨੂੰ ਸੰਭਾਲ ਸਿੱਖਾ.......।

ਦਿਤੀ ਗੁਰਬਾਣੀ ਸਿੰਘਾਂ, ਖਾਦੇ ਦੇਗਾਂ 'ਚ ਉਬਾਲੇ,
ਭੁੱਖੇ ਪਿਆਸੇ ਦੁੱਖ ਸਹਿ, ਸਹੇ ਦਿਲਾਂ ਉੱਤੇ ਛਾਲੇ,
ਬੀਬੀਆਂ ਆਪਣੇ ਜਿਗਰਾਂ ਦੇ,
ਪਵਾਏ ਗਲਾਂ ਵਿੱਚ ਹਾਰ ਉਏ,
ਕੇਸਾਂ ਨੂੰ ਸੰਭਾਲ, ਬਣ ਗੁਰੂ ਦਾ ਲਾਲ ਉਏ।
ਕੇਸਾਂ ਨੂੰ ਸੰਭਾਲ ਸਿੱਖਾ .......।

ਤੇਰੀ ਖਾਤਰ ਦਸਮੇਸ਼ ਜੀ ਨੇ, ਸਰਬੰਸ ਸਾਰਾ ਸੀ ਵਾਰਿਆ,
ਰੂਪ ਨੇ ਵਟਾਉਣ ਲੱਗਿਆ, ਜਰਾ ਨ ਵਿਚਾਰਿਆ ।
ਲਾਲ ਆਪਣੇ ਵਾਰ ਕੇ, ਬਣਾਇਆ ਤੈਨੂੰ ਲਾਲ ਉਏ।
ਕੇਸਾਂ ਨੂੰ ਸੰਭਾਲ ਸਿੱਖਾ ........।

ਕੂੜ ਪਿੱਛੇ ਲੱਗ ਸੱਚੀ, ਸੀਰਤ ਤੂੰ ਛੱਡ ਤੀ ,
ਕੁਰਬਾਨੀ ਜਜ਼ਬੇ ਵਾਲੀ ਤਵਾਰੀਖ, ਪੜਨੀ ਤੂੰ ਛੱਡ ਤੀ,
ਫੋਲ ਤਵਾਰੀਖ ਆਪਣੀ, ਵਿਰਸੇ ਆਪਣੇ ਨੂੰ ਸੰਭਾਲ ਉਏ,
ਕੇਸਾਂ ਨੂੰ ਸੰਭਾਲ, ਬਣ ਗੁਰੂ ਦਾ ਲਾਲ ਉਏ।
ਕੇਸਾਂ ਨੂੰ ਸੰਭਾਲ ਸਿੱਖਾ ........।

ਗੁਰੂ ਬਖਸ਼ਿੰਦ ਸਾਡਾ, ਬਖਸ਼ੇ ਹਰਿ ਗੁਨਾਹ ਨੂੰ
ਆਖੇ ਲੱਗ ਆਪ, ਨਾਲੇ ਦੂਜਿਆਂ ਨੂੰ ਸਮਝਾ ਤੂੰ,
"ਗੁਰਸਿੱਖ ਪਿਆਰਾ" ਆਖੇ ਆਉ ਚੱਲੀਏ,
ਸਿੱਖਿਆ ਗੁਰੂ ਦੀ ਨਾਲ ਉਏ,
ਕੇਸਾਂ ਨੂੰ ਸੰਭਾਲ, ਬਣ ਗੁਰੂ ਦਾ ਲਾਲ ਉਏ।
ਕੇਸਾਂ ਨੂੰ ਸੰਭਾਲ ਸਿੱਖਾ.......॥

◆◆◆◆◆

# Alberta Government Extends Mental Health Support Program for Students



In a significant move to support student mental health, Alberta's government has announced the extension of the Mental Health in Schools Pilot program for the 2024-25 academic year. The initiative, which began in 2022, will continue with an additional $6.7 million in funding, aiming to provide critical mental health resources to approximately 350,000 students across the province. The program was initially introduced to enhance the availability and quality of mental health services within schools, recognizing the strong link between student well-being and academic success. The extended funding will ensure that the 79 school divisions currently participating can maintain and expand their locally developed mental health initiatives. These initiatives range from hiring in-school psychologists and social workers to delivering mental health literacy programs and providing professional development for educators.


## SIKH MATRIMONIALS

Gursikh Boy 27/6ft.B.Com (DU) USA Green Card holder / ND,NT/ Family Business/ Sister Pursuing Masters in USA/ Contact +91 9810064036

Gursikh Amritdhari girl 30/5'3" /Masters USA/ Software Developer/San Francisco/Package USD 125000/ Contact +91 7428742265

Gursikh Boy 34/5'11"/Masters from Montreal Canada/ PR holder/ Software Developer/Father Business Mother Retired Teacher Contact +91 98108 20046


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. D 3. B 4. A

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555